ਤੁਹਾਡੇ ਕੰਮ ਤੇ ਮਿਲੇ
ਹੱਕਾਂ ਬਾਰੇ ਜਾਣਕਾਰੀ

# ਦਾ ਬੇਸਿਕਸ- ਇੰਮਪਲਾਇਮੈਂਟ ਸਟੈਂਡਰਡਜ ਇੰਨ ਉਨਟਾਰੀਓ

## ਕੰਨਟਰੈਕਟ ਸਾਈਨ ਕਰਨ ਬਾਰੇ:

ਕਿਸੇ ਵੀ ਉਸ ਕੰਨਟਰੈਕਟ ਤੇ ਸਾਈਨ ਕਰਨ ਨਾਲ ਜੋ ਮਿਨੀਮਮ ਸਟੈਂਡਰਡ ਤੋਂ ਥੱਲੇ ਹੈ, ਤੁਹਾਨੂੰ ਮਿਲੇ ਹੋਏ ਹੱਕ ਖਤਮ ਨਹੀਂ ਹੋ ਜਾਂਦੇ। ਅਜਿਹਾ ਕਰਨ ਨਾਲ ਤੁਹਾਡਾ ਬੌਸ ਹੀ ਕਾਨੂੰਨ ਦੀ ਉਘੰਣਨਾ ਕਰ ਰਿਹੈ, ਤੁਸੀਂ ਨਹੀਂ। ਭਾਵੇਂ ਤੁਸੀਂ ਸਾਈਨ ਕਰ ਵੀ ਦਿੱਤੇ ਹਨ ਫਿਰ ਵੀ ਤੁਸੀਂ ਕਾਨੂੰਨ ਮੁਤਾਬਕ ਆਪਣੇ ਹੱਕ ਲੈ ਸਕਦੇ ਹੋ।

## ਮਿਨੀਮਮ ਵੇਜ:

ਜਿੰਨੇ ਵੀ ਘੰਟੇ ਤੁਸੀਂ ਕੰਮ ਤੇ ਲਾਏ ਹਨ ਉਸਦੇ ਹਰ ਘੰਟੇ ਦੀ ਮਿਨੀਮਮ ਵੇਜ ਮਿਲਣੀ ਜਰੂਰੀ ਹੈ। ਹਰ ਕਿਸਮ ਦੀਆਂ ਜੌਬਾਂ ਮਿਨੀਮਮ ਵੇਜ ਦੇ ਕਾਨੂੰਨ ਥੱਲੇ ਨਹੀਂ ਆਉਂਦੀਆਂ ਕੁਝ ਜੌਬਾਂ ਦੇ ਵੇਜ ਰੇਟ ਵੱਖਰੇ ਹਨ।

## ਇਕੋ ਜਿਹੇ ਕੰਮ ਦੀ ਇਕੋ ਜਿੰਨੀ ਪੇਅ:

1ਅਪਰੈਲ 2018 ਤੋਂ ਬਾਅਦ ਤੁਹਾਡਾ ਬੌਸ ਤਹਾਨੂੰ ਇਸ ਕਰ ਕੇ ਘੱਟ ਪੈਸੇ ਨਹੀਂ ਦੇ ਸਕਦਾ ਕਿ ਤੁਸੀਂ ਕੰਮ ਤੇ ਪਾਰਟ ਟਾਈਮ, ਏਜੰਸੀ ਦੁਆਰਾ, ਆਰਜੀ ਕੰਮ, ਜਾਂ ਸੀਜਨਲ ਕੰਮ ਕੰਮ ਕਰਦੇ ਹੋ। ਤਹਾਨੂੰ ਉੱਨੇ ਪੇਸੇ ਹੀ ਮਿਲਣਗੇ ਜਿੰਨੇ ਪੱਕੇ ਰੱਖੇ ਹੋਏ ਵਰਕਰਾਂ ਨੂੰ ਮਿਲਦੇ ਹਨ। ਇਕੋ ਜਿਹੇ ਕੰਮ ਦੇ ਸਭ ਨੂੰ ਇਕੋ ਜਿੰਨੇ ਹੀ ਪੈਸੇ ਮਿਲਣਗੇ। ਹੋਰ ਜਾਣਕਾਰੀ ਲਈ ਤੁਸੀਂ ਸਾਨੂੰ ਫੋਨ ਕਰੋ।

## ਹਫਤੇ ਦੇ ਕੰਮ ਦੇ ਘੰਟੇ:

ਤੁਹਾਡਾ ਬੌਸ ਤਹਾਨੂੰ ਹਫਤੇ ਦੇ 48 ਘੰਟੇ ਕੰਮ ਕਰਨ ਲਈ ਕਹਿ ਸਕਦਾ ਹੈ ਜੇ ਉਹ ਇਸ ਤੋਂ ਵੱਧ ਘੰਟੇ ਲਵਾਉਂਣਾ ਚਾਹੁੰਦਾ ਹੈ ਤਾਂ ਉਸਨੂੰ ਇਕ ਐਗਰੀਮੈਂਟ ਉੱਪਰ ਸਾਈਨ ਕਰਵਾਉਂਣੇ ਪੈਣਗੇ ਤੇ ਮਨਿਸਟਰੀ ਆਫ ਲੇਬਰ ਦੀ ਮਨਜੂਰੀ ਲੈਣੀ ਪਵੇਗੀ। ਤੁਹਾਡਾ ਕਾਨੂੰਨੀ ਹੱਕ ਹੈ ਕਿ ਤੁਸੀਂ ਜਵਾਬ ਵੀ ਦੇ ਸਕਦੇ ਹੋ।

## ਹਰ ਰੋਜ ਦੇ ਕੰਮ ਦੇ ਘੰਟੇ ਤੇ ਬਰੈਕਾਂ:

ਤੁਸੀਂ ਹਰ ਰੋਜ ਕੰਮ ਤੇ ਵੱਧ ਤੋਂ ਵੱਧ 13 ਘੰਟੇ ਹੀ ਕੰਮ ਕਰ ਸਕਦੇ ਹੋ। ਹਰ ਪੰਜਾਂ ਘੰਟਿਆਂ ਬਾਅਦ ਅੱਧੇ ਘੰਟੇ ਦੀ ਇਕ ਅਨ ਪੇਡ ਬਰੇਕ ਜਰੂਰੀ ਹੈ। ਤਹਾਡਾ ਬੌਸ ਤਹਾਨੂੰ ਹਰ ਰੋਜ ਦੇ – ਦਿਨ ਦੇ ਰੈਗੂਲਰ ਘੰਟਿਆਂ- ਤੋਂ ਵੱਧ ਘੰਟੇ ਲਵਾਉਂਣ ਲਈ ਮਜਬੂਰ ਨਹੀਂ ਕਰ ਸਕਦਾ। ਪਰ ਕੁਝ ਇਹੋ ਜਿਹੇ ਖਾਸ ਮੌਕੇ ਹੋ ਸਕਦੇ ਹਨ ਜਦੋਂ ਤਹਾਨੂੰ ਕੰਮ ਤੇ ਵੱਧ ਸਮਾਂ ਲਾਉਂਣ ਲਈ ਕਿਹਾ ਜਾ ਸਕਦਾ ਹੈ।

## ਉਵਰਟਾਈਮ:

ਇੱਕ ਹਫਤੇ ਦੇ 44 ਘੰਟੇ ਕੰਮ ਕਰਨ ਤੋਂ ਬਾਅਦ ਤੁਹਾਨੂੰ ਘੰਟੇ ਦੇ ਰੇਗੁਲਰ ਰੇਟ ਨਾਲੋਂ ਡੇਢ ਗੁਣਾਂ ਪੈਸੇ ਮਿਲਣੇ ਚਾਹੀਦੇ ਹਨ। ਅਗਰ ਤੁਸੀਂ ਚਾਹੋਂ ਤਾਂ ਉਵਰਟਾਈਮ ਲੈਣ ਦੀ ਵਜਾਏ ਜਿੰਨੇ ਘੰਟੇ ਕੰਮ ਕੀਤਾ ਹੈ ਉਸ ਤੋਂ ਡੇਢ ਗੁਣਾ ਬਣਦੇ ਟਾਈਮ ਦੀ ਛੁੱਟੀ ਕਰ ਸਕਦੇ ਹੋ। ਜੇ ਤੁਹਾਡਾ ਬੌਸ ਇਕ ਹਫਤੇ ਦੇ 44 ਘੰਟੇ ਤੋਂ ਵੱਧ ਲਵਾ ਲੈਂਦਾ ਹੈ ਤੇ ਦੁਸਰੇ ਹਫਤੇ ਘੱਟ ਘੰਟੇ ਲਵਾ ਕੇ ਦੋ ਹਫਤੇ ਬਾਅਦ ਹੀ ਪੇਸੇ ਦਿੰਦਾ ਹੈ ਇਸ ਤਰ੍ਹਾਂ ਕਰਨ ਨਾਲ ਉਹ ਵਰਕਰ ਨੂੰ ਘੱਟ ਪੈਸੇ ਪੇਅ ਕਰਦਾ ਹੈ।

## 10 ਦਿਨ ਦੀਆਂ ਐਮਰਜੈਂਸੀ ਕੰਮ ਹੋਣ ਦੀਆਂ ਛੁੱਟੀਆਂ:

ਹਰ ਵਰਕਰ ਇਕ ਸਾਲ ਵਿਚ 10 ਦਿਨ ਦੀਆ ਕਿਸੇ ਐਮਰਜੈਂਸੀ ਹੋ ਜਾਣ ਕਾਰਨ ਛੁੱਟੀਆਂ ਲੈ ਸਕਦਾ ਹੈ। ਦੋ ਦਿਨ ਦੀਆਂ ਛੁੱਟੀਆਂ ਦੀ ਪੇਅ ਮਿਲੇਗੀ। ਇਹ ਛੁੱਟੀਆਂ ਤੁਸੀ ਤੁਹਾਡੀ ਕਿਸੇ ਬਿਮਾਰੀ ਕਾਰਨ, ਕੋਈ ਸੱਟ ਲੱਗਣ ਕਾਰਨ ਜਾਂ ਕਿਸੇ ਪ੍ਰੀਵਾਰਕ ਮੈਂਬਰ ਦੀ ਬਿਮਾਰੀ, ਮੌਤ ਜਾਂ ਕਿਸੇ ਪ੍ਰਿਵਾਰਕ ਮੈਂਬਰ ਦੇ ਬਹੁਤ ਹੀ ਜਰੂਰੀ ਕੰਮ ਕਾਰਨ ਲੈ ਸਕਦੇ ਹੋ।

ਇੰਨਾਂ 10 ਦਿਨਾਂ ਦੀਆਂ ਛੁੱਟੀਆਂ ਲਈ ਤੁਹਾਡਾ ਬੌਸ ਕਿਸੇ ਕਿਸਮ ਦਾ ਕੋਈ ਡਾਕਟਰੀ ਨੋਟ ਵਗੈਰਾ ਨਹੀਂ ਮੰਗ ਸਕਦਾ। ਤੁਹਾਡਾ ਬੌਸ ਤਹਾਨੂੰ ਇਹ ਛੁੱਟੀਆਂ ਦੇਣ ਲਈ ਕਾਨੂੰਨੀ ਤੌਰ ਤੇ ਬਚਨਬੱਧ ਹੈ ਤੇ ਤਹਾਨੂੰ ਕਿਸੇ ਵੀ ਕਿਸਮ ਦਾ ਕੋਈ ਜੁਰਮਾਨਾ ਨਹੀਂ ਕਰ ਸਕਦਾ।

## ਘਰੇਲੂ ਜਾਂ ਜਿਨਸੀ ਹਿੰਸਾ ਕਾਰਨ ਛੁੱਟੀਆਂ:

ਜੇ ਕਿਸੇ ਵਰਕਰ ਨੂੰ ਜਾਂ ਉਸਦੇ ਕਿਸੇ ਬੱਚੇ ਨੂੰ ਅਗਰ ਘਰੇਲੂ ਜਾਂ ਜਿਨਸੀ ਹਿੰਸਾਂ ਦਾ ਸਾਹਮਣਾ ਕਰਨਾ ਪਿਆ ਹੈ ਜਾਂ ਇਸਦਾ ਖਤਰਾ ਹੈ ਤਾਂ ਤੁਸੀਂ 10 ਦਿਨਾਂ ਤੋਂ ਲੈ ਕੇ 15 ਹਫਤਿਆਂ ਤੱਕ ਦੀਆਂ ਛੁੱਟੀਆਂ ਲੈਣ ਦਾ ਹੱਕ ਰੱਖਦੇ ਹੋ। ਹਰ ਕੈਲੰਡਰ ਸਾਲ ਮੁਤਾਬਕ ਪਹਿਲੀਆਂ 5 ਛੁੱਟੀਆਂ ਦੇ ਤਹਾਨੂੰ ਪੈਸੇ ਮਿਲਣਗੇ ਤੇ ਬਾਕੀ ਦੀਆਂ ਛੁੱਟੀਆਂ ਬਿਨਾਂ ਪੇਅ ਦੇ ਹੋਣਗੀਆਂ। ਇਹ ਛੁੱਟੀਆਂ ਲੈਣ ਦੇ ਤੁਸੀਂ ਤਦ ਹੀ ਹੱਕਦਾਰ ਹੋ ਜੇ ਤੁਸੀਂ ਇਕੋ ਕੰਮ ਤੇ ਲਗਾਤਾਰਤਾ ਨਾਲ 13 ਹਫਤੇ ਕੰਮ ਕੀਤਾ ਹੋਵੇ।

## ਵੋਕੇਸ਼ਨ:

ਇਕੋ ਕੰਮ ਤੇ ਜੇ ਕਰ ਤੁਸੀਂ ਲਗਾਤਾਰ ਇਕ ਸਾਲ ਲਈ ਕੰਮ ਕੀਤਾ ਹੈ ਤਾਂ ਤੁਸੀਂ ਦੋ ਹਫਤੇ ਦੀ ਪੇਡ ਵੋਕੇਸ਼ਨ ਲੈ ਸਕਦੇ ਹੋ। ਇਸ ਸਮੇਂ ਵਿਚ ਜਿੰਨੇ ਵੀ ਡਾਲਰ ਤੁਸੀਂ ਕਮਾਏ ਹਨ ਉਸ ਦੇ 4% ਦੇ ਹਿਸਾਬ ਨਾਲ ਤਹਾਨੂੰ ਵੋਕੇਸ਼ਨ ਪੇਅ ਵੀ ਨਾਲ ਹੀ ਮਿਲੇਗੀ। ਇਕੋ ਕੰਮ ਤੇ ਲਗਾਤਾਰ 5 ਸਾਲ ਕੰਮ ਕਰਨ ਤੋਂ ਬਾਅਦ ਤੁਸੀਂ 3 ਹਫਤੇ ਦੀ ਵੋਕੇਸ਼ਨ ਅਤੇ 6% ਪੇਅ ਵੀ ਨਾਲ ਹੀ ਲੈ ਸਕਦੇ ਹੋ। ਤੁਹਾਡਾ ਬੌਸ ਤੁਹਾਡੇ ਕੋਲੋਂ ਲਿਖਤੀ ਤੌਰ ਤੇ ਲੈ ਕੇ ਇਹ ਵੋਕੇਸ਼ਨ ਪੇਅ ਤੁਹਾਨੂੰ ਤੁਹਾਡੇ ਹਰ ਚੈਕ ਦੇ ਨਾਲ ਵੀ ਪੇਅ ਕਰ ਸਕਦਾ ਹੈ। ਇਹ ਵੋਕੇਸ਼ਨ ਪੇਅ ਪਹਿਲਾਂ ਲੈ ਲੈਣ ਦੇ ਬਾਵਜੂਦ ਵੀ ਤੁਸੀਂ ਆਪਣੀਆਂ ਛੁੱਟੀਆਂ ਲੈਣ ਦਾ ਹੱਕ ਰੱਖਦੇ ਹੋ। ਜੇ ਤੁਸੀਂ ਬਿਨਾਂ ਵੋਕੇਸ਼ਨ ਲਿਆਂ ਤੋਂ ਹੀ ਆਪਣਾ ਕੰਮ ਛੱਡ ਦਿੱਤਾ ਹੈ ਤਦ ਵੀ ਤੁਸੀਂ ਆਪਣੀ ਵੋਕੇਸ਼ਨ ਪੇਅ ਜਿੰਨੀ ਤੁਹਾਡੀ ਬਣਦੀ ਹੈ ਲੈਣ ਦਾ ਹੱਕ ਰੱਖਦੇ ਹੋ।

## ਸਰਕਾਰੀ ਛੁੱਟੀਆਂ (ਪਬਲਿਕ ਹੌਲੀਡੇਜ਼)

ਉਨਟਾਰੀਓ ਸਰਕਾਰ ਵਲੋਂ 9 ਸਰਕਾਰੀ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਜਿੰਨਾਂ ਵਿਚ, ਨਵਾਂ ਸਾਲ, ਗੁੱਡ ਫਰਾਈਡੇਅ, ਵਿਕਟੋਰੀਆ ਡੇਅ, ਫੈਮਲੀ ਡੇਅ, ਕੈਨੇਡਾ ਡੇਅ, ਲੇਬਰ ਡੇਅ, ਥੈਂਕਸ ਗਿਵਿੰਗ, ਕ੍ਰਿਸਮਿਸ ਡੇਅ ਅਤੇ ਬੌਕਸਿੰਗ ਡੇਅ। ਇਸ ਛੁੱਟੀ ਵਾਲੇ ਦਿਨ ਦੀ ਪੇਅ ਲੈਣ ਦੇ ਹੱਕ ਲਈ ਤਹਾਨੂੰ ਤੁਹਾਡੇ ਰੈਗੂਲਰ ਕੰਮ ਦੇ ਸਕੈਯੂਅਲ ਮੁਤਾਬਕ ਛੁੱਟੀ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਤੇ ਇਕ ਦਿਨ ਬਾਅਦ ਕੰਮ ਤੇ ਜਾਣਾ ਜਰੂਰੀ ਹੈ। ਪਿਛਲੇ ਪੇਅ ਚੈਕ ਦੇ ਮਿਲੇ ਪੈਸਿਆਂ ਨੂੰ ਕੰਮ ਦੇ ਦਿਨਾਂ ਨਾਲ ਡੀਵਾਈਡ ਕਰਕੇ ਉਸ ਦਿਨ ਦੀ ਪੇਅ ਦਿੱਤੀ ਜਾਵੇਗੀ। ਅਗਰ ਵਰਕਰ ਛੁੱਟੀ ਵਾਲੇ ਦਿਨ ਤੇ ਕੰਮ ਕਰਦਾ ਹੈ ਤਾਂ ਉਹ ਲਿਖਤੀ ਤੌਰ ਤੇ ਤਹਿ ਕਰ ਕੇ ਰੈਗੂਲਰ ਨਾਲੋਂ ਡੇਢ ਗੁਣਾ ਪੇਅ ਦੇ ਹਿਸਾਬ ਨਾਲ ਕੰਮ ਦੇ ਵੀ ਤੇ ਪਬਲਿਕ ਹੌਲੀਡੇਅ ਦੇ ਹਿਸਾਬ ਨਾਲ ਛੁੱਟੀ ਦੇ ਵੀ ਪੈਸੇ ਲੈ ਕੇ ਸਕਦਾ ਹੈ ਜਾਂ ਫਿਰ ਪਬਲਿਕ ਹੌਲੀਡੇਅ ਤੇ ਰੈਗੂਲਰ ਹਿਸਾਬ ਨਾਲ ਪੈਸੇ ਲੈ ਕੇ ਕੰਮ ਕਰ ਸਕਦਾ ਹੈ ਤੇ ਪਬਲਿਕ ਹੌਲੀਡੇਅ ਦੀ ਪੇਅ ਮੁਤਾਬਕ ਕਿਸੇ ਹੋਰ ਦਿਨ ਦੀ ਵੀ ਛੁੱਟੀ ਕਰ ਸਕਦਾ ਹੈ।

**Workers' Action Centre**
416-531-0778
Toll Free: 1-855-531-0778
**www.workersactioncentre.org**

# ਦਾ ਬੇਸਿਕਸ- ਇੰਮਪਲਾਇਮੈਂਟ ਸਟੈਂਡਰਡਜ ਇੰਨ ਉਨਟਾਰੀਓ

## ਕੰਮ ਤੋਂ ਹਟਾਉਂਣ ਦਾ ਨੋਟਿਸ ਜਾਂ ਪੇਅ:

ਜੇ ਕਰ ਕਿਸੇ ਵਰਕਰ ਨੂੰ ਕੰਮ ਤੇ ਲੱਗਿਆਂ ਅਜੇ 3 ਮਹੀਨੇ ਨਹੀਂ ਹੋਏ ਤਾਂ ਬੌਸ ਉਸ ਵਰਕਰ ਨੂੰ ਬਿਨਾਂ ਕੋਈ ਨੋਟਿਸ ਦਿੱਤਿਆਂ ਕਿਸੇ ਵੀ ਸਮੇਂ ਕੰਮ ਤੋਂ ਹਟਾ ਸਕਦਾ ਹੈ। ਤਿੰਨ ਮਹੀਨੇ ਤੋਂ ਬਾਅਦ ਤਹਾਨੂੰ ਕੰਮ ਤੋਂ ਹਟਾਏ ਜਾਣ ਦੀ ਤਾਰੀਖ ਦਾ ਲਿਖਤੀ ਨੋਟਿਸ ਦੇਣਾ ਜਰੂਰੀ ਹੈ। ਜੇ ਤਹਾਨੂੰ ਕੋਈ ਵੀ ਨੋਟਿਸ ਨਹੀਂ ਮਿਲਿਆ ਤਾਂ ਤਹਾਨੂੰ ਕੰਮ ਤੋਂ ਹਟਾਏ ਜਾਣ ਦੇ ਪੈਸੇ ਮਿਲਣਗੇ। ਕੰਮ ਤੋਂ ਹਟਾਏ ਜਾਣ ਦਾ ਨੋਟਿਸ ਤੇ ਪੈਸੇ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਤੁਸੀਂ ਉਸ ਬੌਸ ਲਈ ਕਿੰਨੇ ਸਮੇਂ ਤੋਂ ਕੰਮ ਕਰਦੇ ਹੋ ਇਹ ਪੇਅ ਵੱਧ ਤੋਂ ਵੱਧ 8 ਹਫਤੇ ਦੀ ਵੀ ਹੋ ਸਕਦੀ ਹੈ। ਜੇ ਕਰ ਤੁਸੀਂ ਕੰਮ ਟੈਂਪਰੈਰੀ ਹੈਲਪ ਏਜੰਸੀ ਦੇ ਦੁਆਰਾ ਕਰਦੇ ਹੋ ਤੇ ਉਹ ਕੰਮ ਤਹਾਨੂੰ ਤਿੰਨ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਦਿੱਤਾ ਗਿਆ ਸੀ ਤਾਂ ਤਹਾਨੂੰ ਇਕ ਹਫਤੇ ਦਾ ਨੋਟਿਸ ਜਾਂ ਪੈਸੇ ਦਿੱਤੇ ਜਾਣਗੇ।

## ਕਾਨੂੰਨ ਦੇ ਹਿਸਾਬ ਨਾਲ ਕਿਹੜੇ ਵਰਕਰ ਕਵਰਡ ਹੋਣਗੇ:

ਭਾਵੇਂ ਤੁਸੀਂ ਪਾਰਟ-ਟਾਈਮ, ਟੈਂਪਰੇਰੀ, ਜਾਂ ਕਿਸੇ ਏਜੰਸੀ ਰਾਂਹੀ ਕੰਮ ਕਰਦੇ ਹੋ ਫਿਰ ਵੀ ਈ: ਐਸ: ਏ ਦੇ ਕਾਨੂੰਨ ਤੁਹਾਡੇ ਲਈ ਵੀ ਬਰਾਬਰ ਦੇ ਹਨ। ਮਨਿਸਟਰੀ ਆਫ ਲੇਬਰ ਪਰੋਵਿੰਸੀਅਲ ਗੌਰਮਿੰਟ ਦਾ ਅਦਾਰਾ ਹੈ ਜਿਹੜਾ ਇਹਨਾਂ ਕਾਨੂੰਨਾ ਨੂੰ ਲਾਗੂ ਕਰਵਾਉਂਦਾ ਹੈ। ਇੱਥੇ ਹਰ ਵਰਕਰ ਆਪਣੇ ਖਿਲਾਫ ਹੋਈ ਕਿਸੇ ਜਿਆਦਤੀ ਜਾਂ ਆਪਣੇ ਰਹਿੰਦੇ ਵਕਾਏ ਲਈ ਕੇਸ ਫਾਈਲ ਕਰ ਸਕਦਾ ਹੈ। ਇਹ ਸਰਵਿਸ ਫ੍ਰੀ ਹੈ। ਇਹ ਕਾਨੂੰਨ ਸਾਰੇ ਵਰਕਰਾਂ ਲਈ ਇਕੋ ਜਿਹਾ ਨਹੀਂ ਹੈ। ਉਦਾਹਰਣ ਦੇ ਤੌਰ ਤੇ ਫਾਰਮ ਵਰਕਰਾਂ ਤੇ ਲੈਂਡਸਕੇਪਰਜ ਲਈ ਮਿਨੀਮਮ ਵੇਜ, ਉਵਰਟਾਈਮ ਅਤੇ ਪਬਲਿਕ ਹੌਲੀਡੇਜ ਲਈ ਹੋਰ ਵਰਕਰਾਂ ਵਾਲੇ ਇਕੋ ਜਿਹੇ ਕਾਨੂੰਨ ਲਾਗੂ ਨਹੀਂ ਹੁੰਦੇ। ਜੇ ਕਰ ਤੁਸੀਂ ਸੈਲਫ ਇੰਮਪਲਾਇਡ ਹੋ ਫਿਰ ਈ: ਐਸ: ਏ ਦੇ ਕਾਨੂੰਨ ਤੁਹਾਡੇ ਲਈ ਲਾਗੂ ਨਹੀਂ ਹੋਣਗੇ। ਜੇਕਰ ਤਹਾਡਾ ਬੌਸ ਸਿਰਫ ਆਪਣੇ ਖਰਚੇ ਬਚਾਉਂਣ ਦੀ ਖਾਤਰ ਜਾਂ ਤਹਾਨੂੰ ਘੱਟ ਪੇਅ ਕਰਨ ਲਈ ਹੀ ਤੁਹਾਨੂੰ ਸੈਲਫ ਇੰਮਪਲਾਇਡ ਦਿਖਾ ਰਿਹਾ ਹੈ ਅਸਲ ਵਿਚ ਤੁਸੀਂ ਉਸ ਲਈ ਇਕ ਵਰਕਰ ਦੇ ਤੌਰ ਤੇ ਹੀ ਕੰਮ ਕਰਦੇ ਹੋ ਤਾਂ ਉਹ ਗਲਤ ਟਰਮ ਵਰਤ ਕੇ ਧੋਖਾ ਦੇ ਰਿਹਾ ਹੈ। ਇਹ ਗੱਲ ਕਾਨੂੰਨ ਦੇ ਖਿਲਾਫ ਹੈ।

ਤੁਹਾਡਾ ਜਿੰਨਾਂ ਵੀ ਬਕਾਇਆ ਉਸ ਬੌਸ ਵੱਲ ਨਿਕਲਦਾ ਹੈ ਉਸਨੂੰ ਲੈਣ ਲਈ ਤੁਸੀਂ ਮਨਿਸਟਰੀ ਆਫ ਲੇਬਰ ਚ ਜਾਂ ਸਮਾਲ ਕਲੇਮ ਕੋਰਟ ਵਿਚ ਕੇਸ ਫਾਈਲ ਕਰ ਸਕਦੇ ਹੋ। ਮਨਿਸਟਰੀ ਆਫ ਲੇਬਰ ਨੂੰ ਫੋਨ ਕਰ ਕੇ ਵੀ ਪਤਾ ਕਰ ਸਕਦੇ ਹੋ ਕਿ ਤੁਹਾਡੇ ਕੇਸ ਲਈ ਕੋਈ ਸਪੈਸ਼ਲ ਕਾਨੂੰਨ ਤਾਂ ਨਹੀਂ ਹਨ।

## ਰੁਜਗਾਰ ਦੇ ਹੱਕਾਂ ਬਾਰੇ ਜਾਣਕਾਰੀ:

ਤੁਹਾਡੇ ਬੌਸ ਲਈ ਇਹ ਜਰੂਰੀ ਹੈ ਕਿ ਉਹ ਇੰਮਲਪਾਇਮੈਂਟ ਸਟੈਂਡਰਡਜ ਪੋਸਟਰ ਨੂੰ ਕੰਮ ਵਾਲੀ ਜਗ੍ਹਾ ਤੇ ਕਿਸੇ ਇਹੋ ਜਿਹੀ ਥਾਂ ਤੇ ਲਾਵੇ ਜਿਸ ਨੂੰ ਸਾਰੇ ਵਰਕਰ ਦੇਖ ਸਕਦੇ ਹੋਣ। ਇਸ ਪੋਸਟਰ ਨੂੰ ਉਨਟਾਰੀਓ ਇੰਮਪਲਾਇਮੈਂਟ ਸਟੈਂਡਰਡਜ ਐਕਟ ਦਾ ਨਾਂ ਦਿੱਤਾ ਗਿਆ ਹੈ। ਬੌਸ ਵਲੋਂ ਹਰ ਨਵੇਂ ਵਰਕਰ ਨੂੰ 30 ਦਿਨਾਂ ਦੇ ਵਿੱਚ ਇਹ ਪੋਸਟਰ ਦੇਣਾ ਜਰੂਰੀ ਹੁੰਦਾ ਹੈ। ਤੁਹਾਡਾ ਵੀ ਇਹ ਅਧਿਕਾਰ ਹੈ ਕਿ ਤੁਸੀਂ ਵੀ ਆਪਣੀ ਭਾਸ਼ਾ ਚ ਉਹ ਪੋਸਟਰ ਮੰਗ ਸਕਦੇ ਹੋ।

## ਸਾਲ 2019 ਦੇ ਨਵੇਂ ਕਾਨੂੰਨ:

**ਜਨਰਲ ਮਿਨੀਮਮ ਵੇਜ 15 ਡਾਲਰ ਹੋ ਜਾਵੇਗੀ।**

- 18 ਸਾਲ ਤੋਂ ਘੱਟ ਉਮਰ ਦੇ ਸਟੂਡੈਂਟਸ ਲਈ ਮਿਨੀਮਮ ਵੇਜ 14 ਡਾਲਰ 10ਸੈਂਟ ਹੋ ਜਾਵੇਗੀ।
- ਲਿਕਰ (ਦਾਰੂ) ਸਰਵਰਜ ਲਈ ਮਿਨੀਮਮ ਵੇਜ 13 ਡਾਲਰ 05 ਸੈਂਟ ਹੋ ਜਾਵੇਗੀ।

**ਢੁੱਕਵੇਂ ਸਕੈਯੂਅਲ ਲਈ:**

- ਜੇ ਕਰ ਤੁਹਾਡਾ ਬੌਸ ਤਹਾਨੂੰ 4 ਦਿਨ ਜਾਂ 96 ਘੰਟੇ ਦਾ ਨੋਟਿਸ ਦਿੱਤੇ ਬਿਨਾਂ ਤੁਹਾਡੇ ਕੰਮ ਦੀ ਸਿਫਟ ਜਾਂ ਜਗ੍ਹਾ ਬਦਲਦਾ ਹੈ ਤਾਂ ਤੁਹਾਡਾ ਕਾਨੂੰਨੀ ਹੱਕ ਹੈ ਕਿ ਤੁਸੀਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਸਕਦੇ ਹੋ।
- ਕਿਸੇ ਇਕ ਥਾਂ ਤੇ 3 ਮਹੀਨੇ ਕੰਮ ਕਰਨ ਤੋਂ ਬਾਅਦ ਤੁਹਾਡਾ ਹੱਕ ਹੈ ਕਿ ਤੁਸੀਂ ਆਪਣੇ ਕੰਮ ਦੀ ਸਿਫਟ ਅਤੇ ਥਾਂ ਬਦਲਣ ਬਾਰੇ ਗੱਲ ਕਰ ਸਕਦੇ ਹੋ।
- ਜੇ ਕਰ ਤੁਹਾਡੀ ਸਿਫਟ ਕੈਂਸਲ ਕਰਨ ਲਈ ਸਿਰਫ 2 ਦਿਨ ਜਾਂ 48 ਘੰਟੇ ਦਾ ਹੀ ਨੋਟਿਸ ਦਿੱਤਾ ਹੈ ਤਾਂ ਤੁਸੀਂ ਤਿੰਨ ਘੰਟੇ ਦੇ ਪੈਸੇ ਲੈਣ ਦਾ ਹੱਕ ਰੱਖਦੇ ਹੋ।
- ਔਨ ਕਾਲ ਵਰਕਰ ਨੂੰ ਕੰਮ ਤੇ ਬਲਾਉਂਣ ਲਈ ਅਗਰ 3 ਘੰਟੇ ਤੋਂ ਵੀ ਘੱਟ ਦਾ ਸਮਾ ਦਿੱਤਾ ਹੈ ਤਾਂ ਉਹ 3 ਘੰਟੇ ਦੀ ਪੇਅ ਲੈਣ ਦਾ ਹੱਕ ਰੱਖਦਾ ਹੈ।

## ਤੁਹਾਡੀ ਮਦਤ ਲਈ ਹੋਰ ਕਿਹੜੇ ਵਸੀਲੇ ਹਨ:

### ਵਰਕਰਜ ਐਕਸ਼ਨ ਸੈਂਟਰ

ਇੱਥੇ ਹੋਰ ਵੀ ਕਾਨੂੰਨ ਹਨ ਜਿਹੜੇ ਵਰਕਰਾਂ ਦੀ ਮਦਤ ਕਰ ਸਕਦੇ ਹਨ ਜਿਵੇਂ ਕਿ ਉਨਟਾਰੀਓ ਹਿਊਮਨ ਰਾਈਟਸ ਕੋਡ ਜਾਂ ਆਕੂਪੇਸਨਲ ਹੈਲਥ ਐਂਡ ਸੇਫਟੀ ਐਕਟ। ਬੌਸ ਵੱਲ ਰਹਿੰਦੇ ਪੈਸੇ ਲੈਣ ਲਈ ਤੁਸੀਂ ਆ-ਪਣਾ ਵਕੀਲ ਕਰ ਕੇ ਜਾਂ ਸਮਾਲ ਕਲੇਮ ਕੋਰਟ ਚ ਜਾਣ ਵਾਲਾ ਤਰੀਕਾ ਵੀ ਇਸਤੇਮਾਲ ਕਰ ਸਕਦੇ ਹੋ। ਤੁਸੀਂ ਕਿਸੇ ਬਾਰੇ ਜਾਣਕਾਰੀ ਲਈ ਜਾਂ ਆਪਣੀ ਮਦਤ ਲਈ ਵੀ ਸਾਡੀ ਔਨ ਲਾਈਨ ਵਰਕਰਜ ਰਾਈਟਸ ਹੌਟ ਲਾਈਨ ਤੇ ਫੋਨ ਕਰ ਸਕਦੇ ਹੋ। ਸਾਡੀ ਔਨ ਲਾਈਨ ਫੈਕਟਸੀਟਸ ਤੋਂ ਵੀ ਤੁਹਾਡੇ ਕੰਮ ਨਾਲ ਸਬੰਧਤ ਬਹੁਤ ਸਾਰੇ ਮਸਲਿਆਂ ਬਾਰੇ ਜਾਣਕਾਰੀ ਮਿਲ ਸਕਦੀ ਹੈ।

416-531-0778
www.workersactioncentre.org

### ਮਨਿਸਟਰੀ ਆਫ ਲੇਬਰ

ਤੁਸੀਂ ਆਪਣੇ ਇੰਮਪਲਾਇਮੈਂਟ ਸਟੈਂਡਰਡਜ ਐਕਟ ਬਾਰੇ ਜਾਂ ਕਲੇਮ ਕਿਸ ਤਰ੍ਹਾਂ ਫਾਈਲ ਕਰਨਾ ਹੈ ਦੇ ਹੱਕਾਂ ਬਾਰੇ ਜਾਣਕਾਰੀ ਲੈਣ ਲਈ ਮਨਿਸਟਰੀ ਆਫ ਲੇਬਰ ਨਾਲ ਤਾਲਮੇਲ ਕਰ ਸਕਦੇ ਹੋ।

ਤੁਹਾਡੇ ਰਹਿੰਦੇ ਬਕਾਏ ਦੇ ਹਿਸਾਬ ਬਾਰੇ ਪੂਰੀ ਜਾਣਕਾਰੀ ਲਈ ਉਹਨਾਂ ਦੀ ਵੈਬਸਾਈਟ ਤੇ ਵਿਜ਼ਟ ਕਰ ਸਕਦੇ ਹੋ।

1-800-531-5551
www.labour.gov.on.ca

**Workers' Action Centre**
416-531-0778
Toll Free: 1-855-531-0778
**www.workersactioncentre.org**